News Release
Communiqué

Ministry of Health and Long-Term Care
Ministère de la Santé et des Soins de longues durée

ਇਕਦਮ ਜਾਰੀ ਕਰਨ ਲਈ
28 ਅਗਸਤ, 2007

**ਬਜ਼ੁਰਗਾਂ ਦੀ ਘਰ ਵਿੱਚ ਆਜ਼ਾਦ ਰਹਿਣ ਵਿੱਚ ਮਦਦ ਕਰਨ ਲਈ ਮਗਿੰਟੀ ਸਰਕਾਰ ਕਮਿਊਨਿਟੀ ਲਿਵਿੰਗ ਵਿੱਚ ਤਬਦੀਲੀ ਕਰ ਰਹੀ ਹੈ**

*ਏਜਿੰਗ ਐਟ ਹੋਮ ਸਟਰੈਟਜੀ ਦੀ ਅਗਵਾਈ ਐਲ ਐੱਚ ਆਈ ਐੱਨ (ਲੋਕਲ ਹੈਲਥ ਇੰਟੈਗਰੇਸ਼ਨ ਨੈੱਟਵਰਕਸ) ਕਰਨਗੇ ਅਤੇ ਇਹ ਯੋਜਨਾ ਸਥਾਨਕ ਸਭਿਆਚਾਰਕ ਸਮਰਥਾ ਨੂੰ ਪ੍ਰਤੀਬਿੰਬਿਤ ਕਰੇਗੀ*

ਟਰਾਂਟੋ – ਹੈਲਥ ਐਂਡ ਲੌਂਗ ਟਰਮ ਕੇਅਰ ਦੇ ਮਨਿਸਟਰ ਜੌਰਜ ਸਮਿਦਰਮੈਨ ਨੇ ਅੱਜ ਐਲਾਨ ਕੀਤਾ ਕਿ ਮਗਿੰਟੀ ਸਰਕਾਰ ਏਜਿੰਗ ਐਟ ਹੋਮ ਸਟਰੈਟਜੀ (ਘਰ ਵਿੱਚ ਬਜ਼ੁਰਗ ਹੋਣ ਦੀ ਯੋਜਨਾ) ਸ਼ੁਰੂ ਕਰ ਰਹੀ ਹੈ ਜੋ ਕਮਿਊਨਿਟੀ ਕੇਅਰ ਸਰਵਿਸਜ਼ ਵਿੱਚ ਤਬਦੀਲੀ ਲਿਆਏਗੀ ਤਾਂ ਕਿ ਬਜ਼ੁਰਗ ਆਪਣੇ ਘਰਾਂ ਵਿੱਚ ਸਿਹਤਮੰਦ ਅਤੇ ਆਜ਼ਾਦ ਜ਼ਿੰਦਗੀਆਂ ਜੀ ਸਕਣ।

ਸਮਿਦਰਮੈਨ ਨੇ ਕਿਹਾ "ਸਾਡਾ ਉਦੇਸ਼ ਬਜ਼ੁਰਗਾਂ ਸਾਹਮਣੇ ਮੌਕਿਆਂ ਦਾ ਪੂਰਾ ਸੰਸਾਰ ਪੇਸ਼ ਕਰਨਾ ਹੈ, ਜਿਹੜਾ ਜੀਵਨਢੰਗ ਦੀਆਂ ਨਵੀਂਆਂ ਚੋਣਾਂ ਪ੍ਰਦਾਨ ਕਰੇਗਾ ਜੋ ਇਸ ਗੱਲ ਦੀ ਨੁਮਾਇੰਦਗੀ ਕਰਨਗੀਆਂ ਕਿ ਉਨਟੇਰੀਓ ਦੇ ਬਜ਼ੁਰਗ ਸੱਚੀਂ ਕਿਸ ਤਰ੍ਹਾਂ ਰਹਿਣਾ ਚਾਹੁੰਦੇ ਹਨ। ਜਿਵੇਂ ਜਿਵੇਂ ਸਾਡੀ ਵਸੋਂ ਦੀ ਉਮਰ ਵਧ ਰਹੀ ਹੈ, ਸਾਨੂੰ ਹੋਰ ਨਵੇਂ ਹੱਲਾਂ ਵਲ ਦੇਖਣ ਦੀ ਲੋੜ ਹੈ, ਜਿਹੜੇ ਉਹਨਾਂ ਦੀਆਂ ਲੋੜਾਂ ਅਨੁਸਾਰ ਹੋਣ ਅਤੇ ਬਜ਼ੁਰਗਾਂ ਦਾ ਲਗਾਤਾਰ ਆਪਣੇ ਘਰਾਂ ਵਿੱਚ ਆਰਾਮਦੇਹ ਢੰਗ ਅਤੇ ਸਤਿਕਾਰ ਨਾਲ ਰਹਿਣਾ ਸੰਭਵ ਬਣਾਉਣ, ਆਦਾਰਸ਼ਕ ਤੌਰ 'ਤੇ ਆਪਣੇ ਬਾਕੀ ਦੇ ਦਿਨਾਂ ਦੌਰਾਨ।"

700 ਮਿਲੀਅਨ ਡਾਲਰ ਦੀ ਇਸ ਤਿੰਨ ਸਾਲਾਂ ਯੋਜਨਾ ਦੇ ਅੰਗ ਵਜੋਂ ਉਨਟੇਰੀਓ ਦੇ ਲੋਕਲ ਹੈਲਥ ਇੰਟੈਗਰੇਸ਼ਨ ਨੈੱਟਵਰਕਸ (ਐਲ ਐਚ ਆਈ ਐਨਸ) ਇਕ ਪ੍ਰਭਾਵਸ਼ਾਲੀ ਉੱਦਮ ਦੀ ਅਗਵਾਈ ਕਰਨਗੇ ਜਿਹੜਾ ਸੇਵਾਵਾਂ ਦੇਣ ਦੇ ਢੰਗ ਨੂੰ ਪ੍ਰਭਾਵਿਤ ਕਰੇਗਾ ਅਤੇ ਸਥਾਨਕ ਬਜ਼ੁਰਗ ਵਸੋਂ ਦੀਆਂ ਲੋੜਾਂ ਦਾ ਵਾਜਬ ਸਹਾਇਤਾ ਸੇਵਾਵਾਂ ਨਾਲ ਮੇਲ ਕਰਕੇ ਸਿਹਤ ਸੰਭਾਲ ਤੱਕ ਹੋਰ ਬਰਾਬਰੀ ਵਾਲੀ ਪਹੁੰਚ ਪ੍ਰਦਾਨ ਕਰਨ ਵਿੱਚ ਮਦਦ ਕਰੇਗਾ। ਇਹਨਾਂ ਸੇਵਾਵਾਂ ਵਿੱਚ ਘਰ ਵਿੱਚ ਸੰਭਾਲ ਵਿੱਚ ਵਾਧਾ ਅਤੇ ਖਾਣੇ, ਆਵਾਜਾਈ, ਖ਼ਰੀਦਦਾਰੀ, ਬਰਫ ਹਟਾਉਣ, ਘਰਾਂ ਵਿੱਚ ਦੋਸਤਾਨਾ ਫੇਰੀਆਂ, ਬਾਲਗਾਂ ਲਈ ਦਿਨ ਦੇ ਪ੍ਰੋਗਰਾਮਾਂ, ਘਰ ਦੇ ਕੰਮਕਾਜ ਦੀਆਂ ਸੇਵਾਵਾਂ ਅਤੇ ਸੰਭਾਲ ਕਰਨ ਵਾਲਿਆਂ ਦੀ ਸਹਾਇਤਾ ਦੀਆਂ ਸੇਵਾਵਾਂ ਵਰਗੀਆਂ ਕਮਿਊਨਿਟੀ ਸੁਪੋਰਟ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

ਉਨਟੇਰੀਓ ਕਮਿਊਨਿਟੀ ਸੁਪੋਰਟ ਸਰਵਿਸਜ਼ ਐਸੋਸੀਏਸ਼ਨ (ਓ ਸੀ ਐਸ ਏ ) ਦੀ ਸੀ ਈ ਓ (ਚੀਫ ਐਗਜ਼ੈਕਟਿਵ ਅਫਸਰ) ਸੂਜ਼ਨ ਥੌਰਨਿੰਗ ਨੇ ਕਿਹਾ, "ਉਨਟੇਰੀਓ ਕਮਿਊਨਿਟੀ ਸੁਪੋਰਟ ਸਰਵਿਸਜ਼ ਐਸੋਸੀਏਸ਼ਨ (ਓ ਸੀ ਐਸ ਏ ) ਅਤੇ ਸਾਡੇ ਮੈਂਬਰਾਂ ਨੂੰ ਖੁਸ਼ੀ ਹੈ ਕਿ ਇਹ ਸਰਕਾਰ ਕਮਿਊਨਿਟੀ ਸੁਪੋਰਟ ਸਰਵਿਸਜ਼ ਅਤੇ ਸੁਪੋਰਟਿਵ ਹਾਊਸਿੰਗ ਪ੍ਰੋਗਰਾਮਾਂ ਵਿੱਚ ਸਹਾਇਕ ਰਿਹਾਇਸ਼, ਜਿਹੜੀ ਲੋਕਾਂ ਨੂੰ ਘਰ ਵਿੱਚ ਸਿਹਤਮੰਦ ਰੱਖਦੀ ਹੈ ਜਿੱਥੇ ਉਹ ਰਹਿਣਾ ਚਾਹੁੰਦੇ ਹਨ, ਦੀ ਕੀਮਤ ਪਹਿਚਾਣਦੀ ਹੈ। ਸਬੂਤ ਦਸਦੇ ਹਨ ਕਿ ਇਹ ਸੇਵਾਵਾਂ ਬਜ਼ੁਰਗਾਂ ਅਤੇ ਅਪਾਹਜ ਲੋਕਾਂ ਵਲੋਂ ਹਸਪਤਾਲਾਂ ਅਤੇ ਐਮਰਜੰਸੀ ਰੂਮਾਂ ਦੀ ਕੀਤੀ ਜਾਣ ਵਾਲੀ ਵਰਤੋਂ ਘਟਾਉਂਦੀਆਂ ਹਨ ਅਤੇ ਸਮੇਂ ਤੋਂ ਪਹਿਲਾਂ ਸੰਭਾਲ ਕਰਨ ਵਾਲੀਆਂ ਥਾਂਵਾਂ ਵਿੱਚ ਜਾਣ ਤੋਂ ਰੋਕਦੀਆਂ ਹਨ – ਜਿਸ ਦੀ ਸਿਸਟਮ ਨੂੰ ਬਹੁਤ ਬੁਰੀ ਤਰ੍ਹਾਂ ਲੋੜ ਹੈ।"

ਏਜਿੰਗ ਐਟ ਹੋਮ ਸਟਰੈਟਜੀ (ਘਰ ਵਿੱਚ ਬਜ਼ੁਰਗ ਹੋਣ ਦੀ ਯੋਜਨਾ) ਉਨਟੇਰੀਓ ਦੀ ਸਭਿਆਚਾਰਕ ਤੌਰ ਤੇ ਵੰਨ ਸੁਵੰਨੀ ਵਸੋਂ ਅਤੇ ਸਰਵਿਸ ਕਲੱਬਾਂ ਅਤੇ ਬਜ਼ੁਰਗਾਂ ਦੇ ਗਰੁੱਪਾਂ ਵਰਗੀਆਂ ਕਮਿਊਨਿਟੀ ਆਧਾਰਤ ਹੋਰ ਸੰਸਥਾਂਵਾਂ ਨੂੰ ਆਪਣੇ ਆਪ ਨੂੰ ਖੁਦ ਸੇਵਾਵਾਂ ਪ੍ਰਦਾਨ ਕਰਨ ਦੀਆਂ ਨਵੀਂਆਂ ਸੰਭਾਵਨਾਵਾਂ ਪ੍ਰਦਾਨ ਕਰੇਗੀ। ਇਹ ਸਾਡੇ ਬਜ਼ੁਰਗਾਂ ਨੂੰ ਲੰਮੇ ਸਮੇਂ ਤੱਕ ਸਿਹਤਮੰਦ ਅਤੇ ਸਰਗਰਮ ਰੱਖਣ ਵਿੱਚ ਮਦਦ ਕਰਨ ਲਈ ਸਹਾਇਤਾ ਉਪਲਬਧ ਕਰੇਗੀ। ਰੋਕਥਾਮ ਅਤੇ ਸਿਹਤ ਨੂੰ ਉਤਸ਼ਾਹਿਤ ਕਰਨ ਵਾਲੇ ਸਿਹਤ ਸੰਭਾਲ ਦੇ ਹੱਲਾਂ ਨਾਲ ਮਿਲਕੇ ਨਵੀਂ ਸੋਚ ਉਨਟੇਰੀਓ ਦੇ ਬਜ਼ੁਰਗਾਂ ਅਤੇ ਉਹਨਾਂ ਦੀ ਸੰਭਾਲ ਕਰਨ ਵਾਲਿਆਂ ਦਾ ਸਮਰਥਨ ਕਰਨ ਲਈ ਐਲ ਐਚ ਆਈ ਐਨ ਦੀਆਂ ਯੋਜਨਾਵਾਂ ਵਿੱਚ ਵੱਡੀ ਭੂਮਿਕਾ ਨਿਭਾਏਗੀ।

ਸਮਿਦਰਮੈਨ ਨੇ ਕਿਹਾ “ਅੰਤਿਮ ਸਮੇਂ ਦੀ ਰਿਹਾਇਸ਼ ਲਈ ਬਣ ਰਹੀਆਂ ਰਿਹਾਇਸ਼ੀ ਥਾਂਵਾਂ, ਜਿਹਨਾਂ ਨੂੰ ਅਸੀਂ ਸੂਬੇ ਭਰ ਵਿੱਚ ਦੇਖ ਰਹੇ ਹਾਂ, ਦੇ ਨਾਲ ਸਰਕਾਰ ਵਲੋਂ ਕਮਿਉਨਟੀ ਵਿੱਚ ਲਾਈਆਂ ਜਾ ਰਹੀਆਂ ਰਕਮਾਂ, ਜਿਸ ਤਰ੍ਹਾਂ ਦੀ ਰਕਮ ਦਾ ਅਸੀਂ ਅੱਜ ਐਲਾਨ ਕਰ ਰਹੇ ਹਾਂ, ਕਈ ਕਾਰਨ ਕਰਕੇ ਕਾਮਯਾਬ ਹੁੰਦੀਆਂ ਹਨ । ਜਿਸ ਵਿੱਚ ਘੱਟੋ ਘੱਟ ਇਕ ਕਾਰਨ ਇਹ ਹੈ ਕਿ ਉਹ ਉਸ ਪਿਆਰ ਅਤੇ ਸਮਰਥਨ ਨੂੰ ਪ੍ਰਭਾਵਿਤ ਕਰਦੀਆਂ ਹਨ, ਜਿਹੜਾ ਪਿਆਰ ਅਤੇ ਸਮਰਥਨ ਆਪਣੇ ਸਾਥੀ ਨਾਗਰਿਕਾਂ ਦੀਆਂ ਜ਼ਿੰਦਗੀਆਂ ਵਿੱਚ ਹਾਂ-ਪੱਖੀ ਪਰਿਵਰਤਣ ਲਿਆਉਣ ਲਈ ਕਮਿਉਨਿਟੀ ਦੇ ਅਣਗਿਣਤ ਵਾਲੰਟੀਅਰਾਂ ਵਲੋਂ ਪੇਸ਼ ਕੀਤਾ ਜਾਂਦਾ ਹੈ।”

ਕੈਨੇਡਾ ਐਸੋਸੀਏਸ਼ਨ ਫਾਰ ਦੀ ਫਿਫਟੀ ਪਲੱਸ ਦੀ ਪ੍ਰੈਜ਼ੀਡੈਂਟ ਲਿਲੀਅਨ ਮੌਰਗੈਨਥਾਓ ਨੇ ਕਿਹਾ “ਸਾਨੂੰ ਬਹੁਤ ਖੁਸ਼ੀ ਹੈ ਕਿ ਬਜ਼ੁਰਗਾਂ ਨੂੰ ਆਪਣੇ ਘਰਾਂ ਵਿੱਚ ਲੰਮਾ ਸਮਾਂ ਰਹਿਣ ਵਿੱਚ ਮਦਦ ਕਰਨ ਲਈ ਇਸ ਕਿਸਮ ਦੀ ਨਵੀਨ ਰਕਮ ਬਹੁਤ ਛੇਤੀਂ ਮਿਲਣੀ ਸ਼ੁਰੂ ਹੋ ਜਾਵੇਗੀ।”

ਅੱਜ ਲਾਈ ਜਾ ਰਹੀ ਪੂੰਜੀ ਇਕ ਇਤਿਹਾਸਕ ਮਰੀਜ਼-ਕੇਂਦਰਿਤ ਫੰਡਿੰਗ ਦੇ ਮਾਡਲ ਨਾਲ ਤਿਆਰ ਕੀਤੀ ਗਈ ਹੈ ਜਿਹੜਾ ਮਾਡਲ ਵਸੋਂ ਦੇ ਵਾਧੇ ਨੂੰ ਸਵੀਕਾਰ ਕਰਦਾ ਹੈ ਅਤੇ ਵਸੋਂ ਦੀਆਂ ਅਸਲੀ ਸਿਹਤ ਲੋੜਾਂ ਦੇ ਆਧਾਰ ’ਤੇ ਉਨਟਰੀਓ ਭਰ ਵਿੱਚ ਸੇਵਾਵਾਂ ਤੱਕ ਬਰਾਬਰੀ ਭਰੀ ਪਹੁੰਚ ਨੂੰ ਉਤਸ਼ਾਹਿਤ ਕਰਦਾ ਹੈ। ਇਹਨਾਂ ਵਧਾਈਆਂ ਸੇਵਾਵਾਂ ਲਈ ਰਕਮ ਐਲ ਐਚ ਆਈ ਐਨਸ ਨੂੰ ਅਪ੍ਰੈਲ 2008 ਵਿੱਚ ਮਿਲ ਜਾਵੇਗੀ।

ਕੁੱਲ ਮਿਲਾਕੇ ਸਰਕਾਰ ਏਜਿੰਗ ਐਟ ਹੋਮ ਸਟਰੈਟਜੀ (ਘਰ ਵਿੱਚ ਬਜ਼ੁਰਗ ਹੋਣ ਦੀ ਯੋਜਨਾ) ਵਿੱਚ 702 ਮਿਲੀਅਨ ਡਾਲਰ ਲਾਏਗੀ:

| | |
|---|---|
| ਐਲ ਐਚ ਆਈ ਐਨਸ ਲਈ ਪਹਿਲੇ ਸਾਲ ਦੀ ਵਿਉਂਤਬੰਦੀ | 3,000,000 ਡਾਲਰ |
| ਅਸਿਸਟਿਵ ਡਿਵਾਈਸਜ਼ (ਸਹਾਇਕ ਯੰਤਰਾਂ ਦੇ) ਪ੍ਰੋਗਰਾਮ (ਚੱਲਣ ਫਿਰਨ ਵਿੱਚ ਸਹਾਇਤਾ ਵਾਲੇ ਸਾਧਨ) | 40,000,000 ਡਾਲਰ |
| ਸੂਬਾਈ ਤਰਜੀਹਾਂ | 66,000,000 ਡਾਲਰ |
| ਐਲ ਐਚ ਆਈ ਐਨਸ ਲਈ | 593,000,000 ਡਾਲਰ |

ਇਹ ਅਨੁਮਾਨ ਹੈ ਕਿ ਉਨਟੇਰੀਓ ਦੀ ਬਜ਼ੁਰਗ ਵਸੋਂ ਅਗਲੇ 16 ਸਾਲਾਂ ਦੌਰਾਨ ਦੁੱਗਣੀ ਹੋ ਜਾਵੇਗੀ। ਲਾਈ ਗਈ ਇਹ ਰਕਮ ਸਿਹਤ ਸੰਭਾਲ ਪ੍ਰਬੰਧ ਨੂੰ ਜ਼ਿਆਦਾ ਕਾਇਮ-ਰਹਿਣ-ਯੋਗ (ਸਸਟੇਨੇਬਲ) ਬਣਾਏਗੀ ਜਿਹੜਾ ਬਜ਼ੁਰਗਾਂ ਨੂੰ ਉਹਨਾਂ ਦੇ ਆਪਣੇ ਘਰਾਂ ਵਿੱਚ ਸਹਾਇਤਾ ਪ੍ਰਦਾਨ ਕਰੇਗਾ, ਜਿੱਥੇ ਉਹ ਸਭ ਤੋਂ ਜ਼ਿਆਦਾ ਚਾਹੁੰਦੇ ਹਨ।

ਇਹ ਇਸ ਗੱਲ ਦੀ ਇਕ ਹੋਰ ਉਦਾਹਰਨ ਹੈ ਕਿ ਕਿਵੇਂ ਇਕੱਠਿਆਂ ਕੰਮ ਕਰਕੇ, ਉਨਟੇਰੀਓ ਨਿਵਾਸੀਆਂ ਨੇ ਸਿਹਤ ਸੰਭਾਲ ਸੇਵਾਵਾਂ ਵਿੱਚ ਨਤੀਜੇ ਪ੍ਰਾਪਤ ਕੀਤੇ ਹਨ। ਹੋਰ ਉਦਮਾਂ ਵਿੱਚ ਸ਼ਾਮਲ ਹਨ:

- 2003 ਤੋਂ ਲੌਂਗ ਟਰਮ ਕੇਅਰ ਵਿੱਚ 800 ਮਿਲੀਅਨ ਡਾਲਰ ਦੀ ਹੋਰ ਫੰਡਿੰਗ
- 2003 ਤੋਂ ਹੋਮ ਕੇਅਰ ਵਿੱਚ 463 ਮਿਲੀਅਨ ਡਾਲਰ ਦੀ ਹੋਰ ਫੰਡਿੰਗ
- 2003 ਤੋਂ ਕਮਿਉਨਿਟੀ ਸੁਪੋਰਟ ਸਰਵਿਸਜ਼ ਵਿੱਚ 100 ਮਿਲੀਅਨ ਡਾਲਰ ਦੀ ਹੋਰ ਫੰਡਿੰਗ
- 2003 ਤੋਂ ਉਡੀਕ ਦਾ ਸਮਾਂ ਘਟਾਉਣ ਲਈ 1,270,000 ਅਪ੍ਰੇਸ਼ਨ ਕਰਨ ਲਈ 875 ਮਿਲੀਅਨ ਡਾਲਰ ਲਾਏ ਗਏ।

ਅੱਜ ਦਾ ਉੱਦਮ ਜਨਤਕ ਸਿਹਤ ਸੰਭਾਲ ਵਿੱਚ ਨਵੀਨਤਾ ਲਿਆਉਣ ਲਈ ਵਿਉਂਤੀ ਮਗਿੰਟੀ ਸਰਕਾਰ ਦੀ ਯੋਜਨਾ ਦਾ ਹਿੱਸਾ ਹੈ, ਜੋ ਅਜਿਹਾ ਪ੍ਰਬੰਧ ਤਿਆਰ ਕਰਨ ਲਈ ਤਿੰਨ ਤਰਜੀਹਾਂ ’ਤੇ ਕੰਮ ਕਰਦੀ ਹੈ - ਉਨਟੇਰੀਓ ਨਿਵਾਸੀਆਂ ਨੂੰ ਸਿਹਤਮੰਦ ਰੱਖਣਾ, ਉਡੀਕ ਦੇ ਸਮੇਂ ਨੂੰ ਘਟਾਉਣਾ ਅਤੇ ਡਾਕਟਰਾਂ ਅਤੇ ਨਰਸਾਂ ਤੱਕ ਚੰਗੇਰੀ ਪਹੁੰਚ ਪ੍ਰਦਾਨ ਕਰਨਾ।

**ਮੀਡੀਆ ਸੰਪਰਕ:**


| | |
|---|---|
| ਜੈੱਫ ਰੋਹਰਰ | ਡੇਵਿਡ ਜੈਨਸਨ |
| ਮਨਿਸਟਰ'ਜ਼ ਆਫਿਸ | ਮਨਿਸਟਰੀ ਆਫ ਹੈਲਥ ਐਂਡ ਲੌਂਗ ਟਰਮ ਕੇਅਰ |
| *416-326-8016* | *416-314-6197* |

ਆਮ ਲੋਕ: 1-866-532-3161


ਮੀਡੀਏ ਲਈ ਹੋਰ ਵਿਸ਼ਿਆਂ ਬਾਰੇ ਤਿਆਰ ਲੇਖਾਂ (ਮੈਟ ਸਟੋਰੀਜ਼) ਅਤੇ ਆਡਿਓ ਕਲਿੱਪਾਂ ਵਰਗੀ ਹੋਰ ਸਮੱਗਰੀ ਦੇ ਨਾਲ, ਇਹ ਨਿਊਜ਼ ਰੀਲੀਜ਼, ਸਾਡੇ ਵੈੱਬਸਾਈਟ http://www.health.gov.on.ca 'ਤੇ ਨਿਊਜ਼ ਮੀਡੀਆ ਸੈਕਸ਼ਨ ਦੇ ਅਧੀਨ ਉਪਲਬਧ ਹੈ।

ਸਿਹਤ ਸੰਭਾਲ ਵਿੱਚ ਪ੍ਰਾਪਤੀਆਂ ਬਾਰੇ ਹੋਰ ਜਾਣਕਾਰੀ ਲਈ ਸਾਡਾ ਵੈੱਬਸਾਈਟ www.resultsontario.gov.on.ca. ਦੇਖੋ।

*Also available in English.*
*Aussi disponible en français.*

**ਐਲ ਐਚ ਆਈ ਐਨ ਮੀਡੀਆ ਸੰਪਰਕ**

| ਐਲ ਐਚ ਆਈ ਐਨ | ਐਲ ਐਚ ਆਈ ਐਨ ਦਾ ਦਫਤਰ | ਮੁੱਖ ਮੀਡੀਆ ਸੰਪਰਕ | ਫੋਨ ਨੰਬਰ |
|---|---|---|---|
| ਸੈਂਟਰਲ ਐਲ ਐਚ ਆਈ ਐਨ | ਮਾਰਖਮ | ਐਨਾ ਥੈਮੈਲਿਸ | 905-948-1872 ਐਕਸਟ. 203 |
| ਸੈਂਟਰਲ ਈਸਟ ਐਲ ਐਚ ਆਈ ਐਨ | ਏਜੈਕਸ | ਕੇਟੀ ਕਰੌਨਿਨ-ਵੁੱਡ ਜਾਂ<br>ਕੈਰਨ ਓ-ਬਰਾਇਨ ਮੌਨਾਗਾਨ | 905-427-5497 ਐਕਸਟ. 218<br>905-427 5497 ਐਕਸਟ. 212 |
| ਸੈਂਟਰਲ ਵੈਸਟ ਐਲ ਐਚ ਆਈ ਐਨ | ਬਰੈਂਪਟਮ | ਰੌਬਰਟ ਲੌਂਗਫੀ | 905-455-1281 ਐਕਸਟ. 235 |
| ਚੈਂਪਲੇਨ ਐਲ ਐਚ ਆਈ ਐਨ | ਓਟਵਾ | ਰੌਬਰਟ ਕੁਸ਼ਮੈਨ, ਸੀ ਈ ਓ | 1-866-902-5446 |
| ਈਰੀ ਸੇਂਟ ਕਲੇਅਰ ਐਲ ਐਚ ਆਈ ਐਨ | ਚੱਠਮ | ਰੌਨ ਸ਼ੈਪਰਡ | 519-351-5677 |
| ਐੱਚ ਐਨ ਐੱਚ ਬੀ ਐਲ ਐਚ ਆਈ ਐਨ | ਗਰਿਮਸਬੀ | ਟਰਿਸ਼ ਸਿੰਮਨਜ਼ | ਸੈੱਲ: 289-241-7912<br>905-945-4930 ਐਕਸਟ. 255 |
| ਮਿਸੀਸਾਗਾ ਹਾਲਟਨ ਐਲ ਐਚ ਆਈ ਐਨ | ਓਕਵਿਲ | ਬਿੱਲ ਮੈਲਲਿਓਡ, ਸੀ ਈ ਓ<br>ਜੌਹਨ ਮੈਗਿੱਲ, ਬੋਰਡ ਚੇਅਰ | 905-337-7131 ਐਕਸਟ. 207 |
| ਨੌਰਥ ਸਿਮਕੋ ਮੁਸਕੋਕਾ ਐਲ ਐਚ ਆਈ ਐਨ | ਓਰੀਲੀਆ | ਸੂਜ਼ਨ ਫਰੈਂਚ | 705-326-7750 ਐਕਸਟ. 234 |
| ਨੌਰਥ ਈਸਟ ਐਲ ਐਚ ਆਈ ਐਨ | ਨੌਰਥ ਬੇਅ | ਮੌਨੀਕ ਰੋਸ਼ਲੇਅ | 705-840-2872 ਐਕਸਟ. 218 |
| ਨੌਰਥ ਵੈਸਟ ਐਲ ਐਚ ਆਈ ਐਨ | ਥੰਡਰ ਬੇਅ | ਲੀਸਾ ਨਿੱਕੋਲਾਈ | 807-684-9425 ਐਕਸਟ. 2017 |
| ਸਾਊਥ ਈਸਟ ਐਲ ਐਚ ਆਈ ਐਨ | ਬੈਲੇਵਿਲ | ਪੌਲੀ ਥਾਂਪਸਨ | 613-967-0196 ਐਕਸਟ. 221 |
| ਸਾਊਥ ਵੈਸਟ ਐਲ ਐਚ ਆਈ ਐਨ | ਲੰਡਨ | ਟੌਮਾਸਿਨਾ ਕੌਂਤੇ | 519-672-0445 ਐਕਸਟ. 208 |
| ਟਰਾਂਟੋ ਸੈਂਟਰਲ ਐਲ ਐਚ ਆਈ ਐਨ | ਟਰਾਂਟੋ | ਸੈਂਡਰਾ ਫਾਅਸਟ | 416-969-3281 |
| ਵਾਟਰਲੂ ਵੈਲਿੰਗਟਨ ਐਲ ਐਚ ਆਈ ਐਨ | ਗੁਲਫ | ਮਾਰਲੇਨ ਬੈਚਲਰ | 519-648-3275 |